International Research Journal of Humanities, Language and Literature
ISSN: (2394-1642)
Impact Factor 6.972 Volume 10, Issue 4, April 2023
Association of Academic Researchers and Faculties (AARF)
Website-www.aarf.asia, Email : editoraarf@gmail.com

# ਸਾਹਿਤ ਅਤੇ ਧਰਮ ਦਾ ਸੁਮੇਲ : ਬੜੀ ਤਕਲੀਫ਼ ਹੁੰਦੀ ਹੈ

**ਡਾ. ਦੇਵਿੰਦਰ ਬੀਬੀਪੁਰੀਆ**
ਪੰਜਾਬੀ ਵਿਭਾਗ,
ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ

ਇਹ ਧਾਰਨਾ ਆਮ ਪ੍ਰਚਲਿਤ ਹੈ ਕਿ ਗ਼ਜ਼ਲ ਸਾਹਿਤ ਦੀ ਸਭ ਤੋਂ ਨਾਜ਼ੁਕ ਸਿਨਫ਼ ਹੈ। ਵੈਸੇ ਤਾਂ ਸਾਹਿਤ ਦੀ ਹਰ ਵਿਧਾ ਹੀ ਆਪਣੇ ਅੰਦਰ ਇਕ ਪੂਰਨ ਫ਼ਲਸਫ਼ਾ ਸੰਜੋਈ ਬੈਠੀ ਹੈ। ਪਰ ਗ਼ਜ਼ਲ ਦਾ ਜ਼ਿਕਰ ਆਉਂਦਿਆਂ ਹੀ ਆਲੋਚਕ ਅਤੇ ਉਸਤਾਦ ਸ਼ਾਇਰ ਅੱਖਰ ਅੱਖਰ ਨੂੰ ਨਾਪਣ, ਤੋਲਣ, ਜੋੜਨ, ਤੋੜਨ ਅਤੇ ਪਰਖ਼ਣ ਲਈ ਉਂਗਲਾਂ 'ਤੇ ਗਿਣਤੀ ਕਰਨਾ ਸ਼ੁਰੂ ਕਰ ਦਿੰਦੇ ਹਨ। ਇਸ ਲਈ ਹਰ ਨਵਾਂ ਲੇਖਕ ਇਸ ਵਿਧਾ ਨੂੰ ਹੱਥ ਪਾਉਣ ਤੋਂ ਪਹਿਲਾਂ ਕਈ ਵਾਰ ਇਸ ਵਿਧਾ ਬਾਰੇ ਪੜ੍ਹਨਾ ਲਿਖਣਾ ਠੀਕ ਸੋਚਦਾ ਹੈ। ਬਲਕਿ ਕੁਝ ਕੁ ਤਾਂ ਇਸ ਦੀ ਵਿਆਕਰਨ ਸਿੱਖਣ ਲਈ ਉਸਤਾਦ ਬਣਾਉਣਾ ਵੀ ਬਣਾਉਂਦੇ ਹਨ। ਫਿਰ ਵੀ ਸਾਹਿਤ ਦੀ ਇਸ ਵਿਧਾ ਵਿਚ ਉਹ ਖਿੱਚ ਹੈ ਕਿ ਕੋਈ ਵੀ ਇਸ ਦੇ ਆਕਰਸ਼ਣ ਤੋਂ ਬੱਚ ਪਾਉਣ ਦੇ ਸਮਰੱਥ ਨਜ਼ਰ ਨਹੀਂ ਆਉਂਦਾ। ਇਸ ਲਈ ਦੁਨੀਆ ਭਰ ਵਿਚ ਵੱਖ-ਵੱਖ ਭਾਸ਼ਾਵਾਂ ਦੇ ਲੱਖਾਂ ਸ਼ਾਇਰ ਆਪਣੀ ਆਪਣੀ ਸਮਰੱਥਾ ਅਨੁਸਾਰ ਇਸ ਕਾਵਿ-ਰੂਪ ਰਾਹੀਂ ਸਾਹਿਤ ਦੀ ਸੇਵਾ ਵਿਚ ਨਿਰੰਤਰ ਗਤੀਸ਼ੀਲ ਹਨ। ਇਹੀ ਕਾਰਨ ਹੈ ਕਿ ਹੋਰ ਭਾਸ਼ਾਵਾਂ ਵਾਂਗੂੰ ਪੰਜਾਬੀ ਵਿਚ ਵੀ ਗ਼ਜ਼ਲ ਨੂੰ ਭਰਵਾਂ ਹੁੰਗਾਰਾ ਮਿਲਿਆ ਹੈ। ਹਰਿਆਣਾ ਦੇ ਪੰਜਾਬੀ ਸਾਹਿਤ ਜਗਤ ਵਿਚ ਵੀ ਇਸ ਸਮੇਂ ਜ਼ਿਆਦਾਤਰ ਸ਼ਾਇਰ ਇਸੀ ਸਾਹਿਤ ਰੂਪ ਦੇ ਵਿਸ਼ਾਲ ਅੰਬਰ ਵਿਚ ਹੀ ਆਪਣੇ ਖ਼ਿਆਲਾਂ ਦੇ ਪੰਛੀਆਂ ਦੀ ਉਡਾਰੀ ਲਗਵਾ ਰਹੇ ਹਨ। ਜਿਨ੍ਹਾਂ ਵਿਚੋਂ ਪਿਛਲੇ ਕਾਫ਼ੀ ਸਮੇਂ ਤੋਂ ਇਕ ਨਾਮ ਬਹੁਤ ਮਕਬੂਲ ਹੈ ਅਤੇ ਉਹ ਨਾਮ ਹੈ 'ਕੁਲਵੰਤ ਸਿੰਘ ਰਫ਼ੀਕ'। ਕੁਲਵੰਤ ਸਿੰਘ ਰਫ਼ੀਕ ਇਕ ਵੱਖਰੀ ਅਦਾ ਦਾ ਸ਼ਾਇਰ ਹੈ। ਉਹ ਪੰਜਾਬੀ ਗ਼ਜ਼ਲ ਦੇ ਰੰਗ ਵਿਚ ਇੰਨੀ ਸ਼ਿੱਦਤ ਨਾਲ ਰੰਗ ਚੁੱਕਿਆ ਹੈ ਜਾਂ ਇਹ ਕਹਿ ਲਓ ਕਿ ਇੰਨੀ ਸ਼ਿੱਦਤ ਨਾਲ ਡੁੱਬ ਚੁੱਕਿਆ ਹੈ ਕਿ ਉਹ ਆਮ ਗੱਲ ਬਾਤ ਵੀ ਸ਼ਾਇਰਾਨਾ ਅੰਦਾਜ਼ ਵਿਚ ਕਰਦਾ ਪ੍ਰਤੀਤ ਹੁੰਦਾ ਹੈ। ਹਰਿਆਣਾ ਦੇ ਕਈ ਸ਼ਾਇਰ ਉਸ ਨੂੰ ਉਸਤਾਦ ਸ਼ਾਇਰ ਵੀ ਕਹਿੰਦੇ ਹਨ। ਜਦੋਂ ਉਹ ਕਵੀ ਦਰਬਾਰ ਵਿਚ ਆਪਣੇ ਸੁਰੀਲੇ ਹੋਠਾਂ ਨਾਲ ਗ਼ਜ਼ਲ ਦੇ ਮਤਲੇ ਨੂੰ ਸਪਰਸ਼ ਕਰਦਾ ਹੈ ਤਾਂ ਸ਼ਾਇਰ ਅਤੇ ਸ਼ਾਇਰੀ ਦੋਵੇ ਗਲਵਕੜੀ ਪਾ ਕੇ ਅਤੇ ਇਕ ਮਿਕ ਹੋ ਕੇ ਇਕ ਦੂਜੇ ਨੂੰ ਮਿਲਦੇ ਜਾਪਦੇ ਹਨ। ਉਸ ਨੂੰ ਸੰਗੀਤ ਅਤੇ ਸ਼ਾਇਰੀ ਦਾ ਸੁਮੇਲ ਕਹਿਣਾ ਵੀ ਅਤਿਕਥਨੀ ਨਹੀਂ ਜਾਪਦਾ। ਸ਼ਾਇਦ ਇਸੇ ਕਰ ਕੇ ਉਸ ਨੂੰ ਹਰਿਆਣਾ ਦੇ ਪੰਜਾਬੀ ਸਾਹਿਤ ਜਗਤ ਦਾ ਪਪੀਹਾ ਕਹਿ ਕੇ ਸੰਬੋਧਨ ਕੀਤਾ ਜਾਂਦਾ ਹੈ।

ਕੁਲਵੰਤ ਸਿੰਘ ਰਫ਼ੀਕ ਦੀ ਸਭ ਤੋਂ ਖ਼ਾਸ ਗੱਲ ਤਾਂ ਇਹ ਹੈ ਕਿ ਉਹ ਸ਼ਾਇਰੀ ਦੇ ਰੰਗ ਵਿਚ ਸਿਰਫ਼ਖ਼ੁਦ ਹੀ ਨਹੀਂ ਰੰਗਿਆ ਹੈ ਸਗੋਂ ਉਹ ਹੋਰਾਂ ਨੂੰ ਵੀ ਇਸ ਦੀ ਚੇਟਕ ਲਾਉਣ 'ਚ ਸਭ ਤੋਂ ਅੱਗੇ ਖੜ੍ਹਾ ਨਜ਼ਰ ਆਉਂਦਾ ਹੈ। ਇਸ ਲਈ ਉਸ ਨੇ ਹਰਿਆਣਾ ਦੇ ਇਕ ਕਸਬੇ ਸ਼ਾਹਬਾਦ ਮਾਰਕੰਡਾ ਵਿਚ 'ਅਦਬੀ ਮਹਿਫ਼ਿਲ' ਨਾਮ ਦੀ ਇਕ ਸਾਹਿਤ ਸਭਾ ਵੀ ਬਣਾ ਰੱਖੀ ਹੈ। ਜਿਸ ਵਿਚ ਉਹ ਬਤੌਰ ਪ੍ਰਧਾਨ ਨਵੀਂ ਪੀੜ੍ਹੀ ਦੇ ਸ਼ਾਇਰਾਂ ਦੇ ਮਨਾਂ ਵਿਚ ਸਾਹਿਤ ਦੇ ਬੀਜ ਖਿਲਾਰ ਰਿਹਾ ਹੈ ਅਤੇ ਉਨ੍ਹਾਂ ਦੇ ਦਿਲ ਦੀ ਜ਼ਮੀਨ 'ਤੇ ਕਵਿਤਾ ਦੇ ਬੂਟੇ ਫੁੱਟਣ ਦੀ ਆਸ ਦਿਲ ਵਿਚ ਸਜੋਈ ਬੈਠਾ ਹੈ।

ਜਦੋਂ ਮੈਂ ਕੁਲਵੰਤ ਰਫ਼ੀਕ ਦੀ ਹੱਥਲੀ ਪੁਸਤਕ "ਬੜੀ ਤਕਲੀਫ਼ ਹੁੰਦੀ ਏ" ਨੂੰ ਪਹਿਲੀ ਵਾਰ ਖੰਗਾਲਿਆ ਤਾਂ ਇਹ ਗੱਲ ਨਿੱਤਰ ਕੇ ਸਾਹਮਣੇ ਆਈ ਕਿ ਪੁਸਤਕ ਵਿਚਲੀ ਵਸਤੂ ਤੋਂ ਪਹਿਲਾਂ ਸ਼ਾਇਰ ਦੇ ਨਾਮ ਨੂੰ ਵਿਚਾਰਨਾ ਜ਼ਿਆਦਾ ਜ਼ਰੂਰੀ ਹੈ, ਕਿਉਂਕਿ ਇਸ ਗ਼ਜ਼ਲ ਸੰਗ੍ਰਹਿ ਦੇ ਦੋ ਮੁੱਖ ਆਧਾਰਾਂ ਨੂੰ ਸਮਝਣ ਦਾ ਸੂਤਰ ਉਸ ਦੇ ਨਾਮ ਵਿਚ ਪਿਆ ਹੈ। ਅਸਲ ਵਿਚ ਕੁਲਵੰਤ ਦੇ ਨਾਮ ਵਿਚ ਦੋ ਕਿਰਦਾਰ ਸਮਾਏ ਹੋਏ ਹਨ। ਉਸ ਦੇ ਨਾਮ ਕੁਲਵੰਤ ਨਾਲ ਪਹਿਲਾ ਸ਼ਬਦ 'ਸਿੰਘ' ਅਤੇ ਦੂਜਾ "ਰਫ਼ੀਕ" ਦੇਖਣ ਨੂੰ ਮਿਲਦਾ ਹੈ। "ਸਿੰਘ" ਧਰਮ ਦੇ ਰੰਗ ਵਿਚ ਰੰਗਿਆ ਗੁਰੂ ਦਾ ਸਿੱਖਹੈ ਅਤੇ "ਰਫ਼ੀਕ" ਸਮਾਜਿਕ ਸ਼ਾਇਰੀ ਵਿਚ ਡੁੱਬੀ ਇਕ ਸ਼ਾਇਰਾਨਾ ਰੂਹ ਹੈ। ਮੈਨੂੰ ਕੁਲਵੰਤ ਦੀ ਇਸ ਕਿਤਾਬ "ਬੜੀ ਤਕਲੀਫ਼ ਹੁੰਦੀ ਏ" ਨੂੰ ਪੜ੍ਹਦਿਆਂ ਲੱਗਿਆ ਜਿਵੇਂ ਇਸ ਨੂੰ ਦੋ ਜਣਿਆ ਨੇ ਮਿਲ ਕੇ ਲਿੱਖਿਆ ਹੈ। ਕਿਤਾਬ ਦੇ ਮਜ਼ਮੂਨ ਤੋਂ ਪ੍ਰਤੀਤ ਹੁੰਦਾ ਹੈ ਕਿ ਅੱਧੀ ਕਿਤਾਬ 'ਰਫ਼ੀਕ'ਨੇ ਅਤੇ ਅੱਧੀ 'ਸਿੰਘ' ਨੇ ਲਿਖੀ ਹੈ। ਮੈਨੂੰ ਕਿਤਾਬ ਪੜ੍ਹ ਕੇ ਇਹ ਵੀ ਲੱਗਿਆ ਕਿ ਇਸ ਕਿਤਾਬ ਨੂੰ ਦੋ ਭਾਗਾਂ ਵਿਚ ਵੰਡ ਲੈਣਾ ਚਾਹੀਦਾ ਸੀ। ਰਫ਼ੀਕ ਦੇ ਲਿਖੇ ਹਿੱਸੇ ਨੂੰ 'ਸਾਹਿਤਿਕ ਖੰਡ' ਅਤੇ ਸਿੰਘ ਦੀਆਂ ਲਿਖੀਆਂ

© Association of Academic Researchers and Faculties (AARF)
A Monthly Double-Blind Peer Reviewed Refereed Open Access International e-Journal - Included in the International Serial Directories.

ਧਾਰਮਿਕ ਗ਼ਜ਼ਲਾਂ ਨੂੰ 'ਧਾਰਮਿਕ ਖੰਡ' ਦਾ ਨਾਮ ਦੇ ਦਿੱਤਾ ਜਾਣਾ ਚਾਹੀਦਾ ਸੀ। ਪਰ ਖ਼ੈਰ ਇਹ ਸ਼ਾਇਰ ਦੀ ਆਪਣੀ ਇੱਛਾ 'ਤੇ ਨਿਰਭਰ ਹੈ। ਪਰ ਇਸ ਤੋਂ ਇਹ ਗੱਲ ਭਲੀ ਭਾਂਤ ਸਾਫ਼ ਹੈ ਕਿ ਇਸ ਗ਼ਜ਼ਲ ਸੰਗ੍ਰਹਿ ਨੂੰ ਮੂਲ ਰੂਪ ਵਿਚ ਵਿਚਾਰਧਾਰਕ ਤੌਰ ਤੋਂ ਦੋ ਭਾਗਾਂ ਵਿਚ ਵਿਭਾਜਿਤ ਕਰ ਕੇ ਦੇਖਿਆ ਜਾ ਸਕਦਾ ਹੈ। ਇਕ ਸਮਾਜਿਕ ਅਤੇ ਦੂਜਾ ਧਾਰਮਿਕ।

ਇਸ ਤੋਂ ਅੱਗੇ "ਬੜੀ ਤਕਲੀਫ਼ ਹੁੰਦੀ ਏ" ਪੁਸਤਕ ਵਿਚ ਉਤਰਦਿਆਂ ਭਾਂਤ ਭਾਂਤ ਦੇ ਵਿਸ਼ੇ ਦੇਖਣ ਨੂੰ ਮਿਲਦੇ ਹਨ ਜਿਨ੍ਹਾਂ ਵਿਚੋਂ ਕੁਝ ਸ਼ਿਅਰ ਤਾਂ ਲੋਕ ਤੱਥ ਜਾਂ ਲੋਕ ਸੱਚਾਈਆਂ ਵਰਗੇ ਵੀ ਜਾਪਦੇ ਹਨ। ਇੱਦਾਂ ਦੇ ਸ਼ਿਅਰ ਸ਼ਾਇਰ ਦੀ ਪਾਰਖੂ ਨਜ਼ਰ, ਉਚੇਰੀ ਸੋਚ, ਗਿਆਨ,ਅਤੇ ਸਮਰੱਥਾ ਨੂੰ ਦਰਸ਼ਾਉਂਦੇ ਹਨ। ਪੁਸਤਕ ਦੀ ਪਹਿਲੀ ਗ਼ਜ਼ਲ ਤੋਂਹੀ ਇਸ ਗੱਲ ਦਾ ਅਹਿਸਾਸ ਹੋਣਾ ਸ਼ੁਰੂ ਹੋ ਜਾਂਦਾ ਹੈ। :-

ਜਦੋਂ ਬੰਦਾ ਗ਼ਮਾਂ ਦੇ ਜੰਗਲਾਂ ਵਿਚ ਭਟਕਦਾ ਫਿਰਦੈ
ਉਦੋਂ ਕੋਇਲ ਵੀ ਬੋਲੇ ਤਾਂ ਬੜੀ ਤਕਲੀਫ਼ ਹੁੰਦੀ ਏ[1]

-----0----

ਮਯੱਸਰ ਨਾ ਬੰਦਿਆਂ ਨੂੰ ਰੋਟੀ ਹੈ ਜਿੱਥੇ
ਡਬਲ ਰੋਟੀ ਕੁੱਤਿਆਂ ਨੂੰ ਮਿਲਦੀ ਪਈ ਹੈ
ਹਰਿਕ ਦਿਲ ਦੇ ਵਿਚ ਤਾਂ ਹੀ ਬੇਗਾਨਗੀ ਹੈ
ਨਵਾਂ ਹੈ ਜ਼ਮਾਨਾ, ਨਵੀਂ ਇਹ ਸਦੀ ਹੈ[2]

ਕਿਸੇ ਵੀ ਸ਼ਾਇਰ ਦੀ ਸਭ ਤੋਂ ਵੱਡੀ ਪ੍ਰਾਪਤੀ ਇਸ ਗੱਲ ਵਿਚ ਹੁੰਦੀ ਹੈ ਕਿ ਜਦੋਂ ਉਸ ਦੇ ਸ਼ਿਅਰ ਨੂੰ ਪੜ੍ਹ ਕੇ ਕੋਈ ਸ਼ਾਇਰ ਇਹ ਸੋਚਣ ਲਈ ਮਜ਼ਬੂਰ ਹੋ ਜਾਵੇ ਕਿ ਕਾਸ਼ ! ਇਹ ਸ਼ਿਅਰ ਮੈਂ ਲਿਖਿਆ ਹੁੰਦਾ। ਇਸ ਪੁਸਤਕ ਨੂੰ ਪੜ੍ਹਦਿਆਂ ਮੈਨੂੰ ਕਈ ਵਾਰ ਇਹ ਅਹਿਸਾਸ ਹੋਇਆ ਕਿ ਕਾਸ਼ ਇਹ ਸ਼ਿਅਰ ਮੈਂ ਕਿਹਾ ਹੁੰਦਾ। ਜਿਵੇਂ:-

ਹਰ ਬਸ਼ਰ ਹੈ ਤਿਹਾਇਆ, ਸੁੱਕੀ ਨਦੀ ਦੇ ਵਾਂਗਰ
ਰੇਤਾ ਹੀ ਦਿਸ ਰਿਹਾ ਹੈ, ਰੇਤੇ 'ਚੋਂ ਨੀਰ ਗੁੰਮ ਹੈ

ਮੁਨਸਿਫ਼ ਵੀ ਹੈ ਜੇ ਮੁਜਰਿਮ, ਖ਼ੁਦ ਨੂੰ ਸਜ਼ਾ ਵੀ ਦੇਵੇ
ਉਹ ਅਦਲੀ ਬਾਦਸ਼ਾਹ ਤੇ ਉਸ ਦਾ ਵਜ਼ੀਰ ਗੁੰਮ ਹੈ

ਲਿਖਣਾ ਗ਼ਜ਼ਲ ਨੂੰ ਯਾਰਾ, ਮੇਰੀ ਬਿਸਾਤ ਕਿੱਥੇ
ਜਿਉਂਦਾ ਸੀ ਜੋ ਗ਼ਜ਼ਲ ਨੂੰ, ਸ਼ਾਇਰ ਉਹ ਮੀਰ ਗੁੰਮ ਹੈ[3]

ਕਿਸੇ ਵੀ ਸ਼ਾਇਰ ਲਈ ਸਭ ਤੋਂ ਵੱਡੀ ਕਸੌਟੀ ਇਹ ਹੁੰਦੀ ਹੈ ਕਿ ਸ਼ਾਇਰ ਸ਼ਾਇਰੀ ਵਿਚ ਸੱਚ ਕਹਿਣ ਦੀ ਹਿੰਮਤ ਰੱਖਦਾ ਹੋਵੇ। ਅਸਲ ਵਿਚ ਅੱਜ-ਕੱਲ੍ਹ ਸ਼ਾਇਰ ਸ਼ਾਇਰੀ ਵਿਚ ਸੱਚ ਕਹਿਣ ਤੋਂ ਮੁਨਕਰ ਹੁੰਦੇ ਜਾ ਰਹੇ ਹਨ। ਇਹ ਬਿਲਕੁਲ ਸੱਚ ਹੈ ਕਿ ਸ਼ਾਇਰੀ ਵਿਚ ਨਿਰੋਲ ਸੱਚ ਕਹਿਣ ਵਾਲੇ ਸ਼ਾਇਰ ਨੂੰ ਅਕਸਰ ਕਈ ਤਰ੍ਹਾਂ ਦੇ ਨੁਕਸਾਨਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸ਼ਾਇਦ ਇਸੇਕਰ ਕੇ ਅੱਜ-ਕੱਲ੍ਹ ਸ਼ਾਇਰੀ ਵੀ ਕਸੀਦਾਕਾਰੀ ਵਾਂਗੂੰ ਹੁੰਦੀ ਜਾ ਰਹੀ ਹੈ। ਸ਼ਾਇਰ ਸ਼ਾਇਰੀ ਵਿਚ ਸੱਚ ਲਿਖਣ ਦੀ ਥਾਂ ਉਨ੍ਹਾਂ ਦੀ ਸਿਫ਼ਤ ਮਾਤਰ ਕਰਨ ਤਕ ਸੀਮਿਤ ਹੁੰਦੇ ਜਾ ਰਹੇ ਹਨ ਜਿਨ੍ਹਾਂ ਤੋਂ ਉਨ੍ਹਾਂ ਨੇ ਕੋਈ ਫ਼ਾਇਦਾ ਲੈਣਾ ਹੁੰਦਾ ਹੈ। ਪਰ ਰਫ਼ੀਕ ਦੀ ਸ਼ਾਇਰੀ ਇਸ ਗੱਲ ਦਾ ਤਿੱਖਾ ਵਿਰੋਧ ਕਰਦੀ ਹੈ। ਉਹ ਸੱਚ ਕਹਿਣ ਦੀ ਹਿੰਮਤ ਵੀ ਰੱਖਦਾ ਹੈ ਅਤੇ ਹੌਸਲਾ ਵੀ।ਉਸ ਦੀ ਸ਼ਾਇਰੀ ਵਿਚ ਕਿਤੇ ਇਹ ਸੱਚ ਸਿੱਧੇ ਵਿਅੰਗ ਰੂਪ ਵਿਚ ਪੇਸ਼ ਹੁੰਦਾ ਹੈ ਅਤੇ ਕਿਤੇ ਵਿਅੰਜਨਾ ਜਾਂ ਲਕਸ਼ਣਾ ਦੇ ਰੂਪ ਵਿਚ ਵੇਖਣ ਨੂੰ ਮਿਲਦਾ ਹੈ। ਸਾਹਿਤ ਵਿਚ ਇਹ ਸੱਚ ਬੋਲਣ ਦਾ ਗੁਣ ਹੀ ਸਭ ਤੋਂ ਪ੍ਰਥਮ ਤੱਤ ਮੰਨਿਆ ਗਿਆ ਹੈ। ਕਿਉਂਕਿ ਸਾਹਿਤ "ਸਤਯਮ, ਸ਼ਿਵਮ, ਸੁੰਦਰਮ" 'ਤੇ ਅਧਾਰਿਤ ਹੈ ਅਤੇ ਇਸ ਵਿਚ ਪਹਿਲਾ ਸ਼ਬਦ ਹੀ ਹੀ ਸਤਯਮ ਅਰਥਾਤ ਸੱਤ ਜਾਂ ਸੱਚ ਹੈ। ਇਸ ਅਨੁਸਾਰ ਜਿਸ ਸਾਹਿਤ ਵਿਚ ਸੱਚ ਦਾ ਨਿਰੂਪਣ ਨਹੀਂ ਹੁੰਦਾ ਉਹ ਸਾਹਿਤ ਸਹੀ ਅਰਥਾਂ ਵਿਚ ਸਾਹਿਤ ਹੀ ਨਹੀਂ ਹੁੰਦਾ। ਇਸ ਤੱਥ ਅਨੁਸਾਰ ਕੁਲਵੰਤ ਰਫ਼ੀਕ ਦੁਆਰਾ ਰਚਿਤ ਗ਼ਜ਼ਲ ਸੰਗ੍ਰਹਿ ਸਾਹਿਤ ਦੀ ਪਹਿਲੀ ਕਸੌਟੀ ਨੂੰ ਪਾਰ ਕਰਨ ਵਿਚ ਸਫ਼ਲ ਸਾਬਿਤ ਹੁੰਦਾ ਹੈ।

ਨਿਰਸੰਦੇਹ ਹੀ ਉਸਦਾ ਇਹ ਗ਼ਜ਼ਲ ਸੰਗ੍ਰਹਿ ਪੜ੍ਹ ਕੇ ਜਾਪਦਾ ਹੈ ਕਿ ਉਹ ਧਰਮ ਵਿਚ ਬਹੁਤ ਵਿਸ਼ਵਾਸ਼ ਰੱਖਦਾ ਹੈ। ਪਰਕਿਤੇ ਵੀ ਉਹ ਅੰਧਵਿਸ਼ਵਾਸ਼ੀ ਨਹੀਂ ਜਾਪਦਾ। ਬਲਕਿ ਧਰਮ ਦੇ ਨਾਮ 'ਤੇ ਪਾਖੰਡ ਕਰਨ ਵਾਲੇ ਢੋਂਗੀ ਸੰਤਾਂ ਦੀ ਪੋਲ ਖੋਲ੍ਹਣ ਵਿਚ ਵੀ ਕੋਈ ਕਸਰ ਨਹੀਂ ਛੱਡਦਾ। ਜਿਵੇਂ ਉਸ ਦੇ ਕੁਝ ਸ਼ਿਅਰ ਆਪੇ ਬੇਖ਼ੌਫ਼ ਬੋਲਦੇ ਨਜ਼ਰ ਆਉਂਦੇ ਹਨ:-

ਅਸਾਂ ਚੁੰਮਿਆ ਜਿਦ੍ਹਾ ਹੱਥ, ਦੇਖ ਲਓ ਉਹ ਸਾਡੀ ਅਜ਼ਮਤ ਨੂੰ
ਜੇ ਪੈਰਾਂ ਵਿਚ ਰੋਲੇ ਤਾਂ ਬੜੀ ਤਕਲੀਫ਼ ਹੁੰਦੀ ਏ[4]

ਸ਼ਾਇਰ ਕੁਲਵੰਤ ਸਿੰਘ ਰਫ਼ੀਕ ਆਪਣੀ ਸ਼ਾਇਰੀ ਵਿਚ ਗੁਰੂ ਨਾਨਕ ਦੇਵ ਜੀ ਦੀ ਦਿਖਾਈ ਰਾਹ "ਸੋ ਕਿਉਂ ਮੰਦਾ ਆਖਿਐ" ਦਾ ਅਨੁਕਰਨ ਕਰਦਿਆਂ ਔਰਤ ਜਾਤ ਦਾ ਵੀ ਦਿਲੋਂ ਸਨਮਾਨ ਕਰਦਾ ਨਜ਼ਰ ਆਉਂਦਾ ਹੈ। ਇੱਥੇ ਤਕ ਹੀ ਨਹੀਂ ਉਹ ਔਰਤ ਦੇ ਰੁਤਬੇ ਨੂੰ ਆਦਮੀ ਤੋਂ ਉੱਚਾ ਅਤੇ ਸੁੱਚਾ ਮੰਨਦਾ ਹੈ। ਉਸ ਦੀ ਇਸ ਪੁਸਤਕ ਵਿਚਲੀ ਸ਼ਾਇਰੀ ਵਿਚ ਇਸ ਰੰਗ ਦੀ ਨੁਹਾਰ ਕਈ ਥਾਵਾਂ 'ਤੇ ਦੇਖਣ ਨੂੰ ਮਿਲਦੀ ਹੈ ਜਿਵੇਂ :-

ਤੂੰ ਹਰ ਨਾਰੀ ਨੂੰ ਏਨਾ ਸੀ ਉਚੇਰਾ ਬਖਸ਼ਿਆ ਰੁਤਬਾ
ਕਿ ਔਰਤ ਜਾਤ ਤੇਰੀ ਸੋਚ ਤੋਂ ਬਲਿਹਾਰ ਹੋ ਜਾਵੇ[5]

ਨਿਰਸੰਦੇਹ ਅਜੋਕੇ ਦੌਰ ਦੀ ਗ਼ਜ਼ਲ ਦਾ ਕਲਾਵਾ ਬਹੁਤ ਵਿਸ਼ਾਲ ਹੋ ਚੁੱਕਿਆ ਹੈ। ਹੁਣ ਇਹ ਸ਼ਬਾਬ, ਸ਼ਰਾਬ ਅਤੇ ਸਾਕੀ ਮਾਤਰ ਤਕ ਸੀਮਿਤ ਨਹੀਂ ਰਹੀ ਸਗੋਂ ਹੁਣ ਕੁਦਰਤ ਦਾ ਹਰ ਰੰਗ ਇਸ ਦੇ ਕਲਾਵੇ ਵਿਚ ਸਮਾ ਚੁੱਕਿਆ ਹੈ। ਭਾਵੇਂ ਅੱਜ ਕੁਝ ਵਿਦਵਾਨ ਪਿਆਰ ਅਤੇ ਇਸ਼ਕ ਵਰਗੇ ਵਿਸ਼ਿਆਂ ਨੂੰ ਉਚੇਰੀ ਸ਼ਾਇਰੀ ਦਾ ਪ੍ਰਮਾਣ ਨਹੀਂ ਮੰਨਦੇ ਪਰ ਇਹ ਵੀ ਕੁਦਰਤੀ ਸੱਚ ਹੈ ਕਿ ਗ਼ਜ਼ਲ ਕਾਵਿ ਰੂਪ ਦੀ ਨੀਹ ਮੁਹੱਬਤ ਵਰਗੇ ਵਿਸ਼ਿਆਂ 'ਤੇ ਹੀ ਰੱਖੀ ਗਈ ਸੀ। ਇਹ ਵਿਸ਼ਾ ਅੱਜ ਵੀ ਆਪਣੇ ਆਪ ਵਿਚ ਗ਼ਜ਼ਲ ਵਿਚ ਵਿਸ਼ੇਸ਼ ਮਹੱਤਵ ਰੱਖਦਾ ਹੈ। ਕੁਦਰਤ ਨੇ ਮਨੁੱਖੀ ਸਿਸਟਮ ਵਿਚ ਸੋਫ਼ਟ-ਵੇਅਰ ਹੀ ਐਸਾ ਪਾਇਆ ਹੈ ਕਿ ਕੋਈ ਵੀ ਮਨੁੱਖ ਮੁਹੱਬਤ ਦੀ ਖਿੱਚ ਤੋਂ ਮੁਨਕਰ ਨਹੀਂ ਹੋ ਸਕਦਾ। ਜਿਸ ਤਰ੍ਹਾਂ ਰੋਟੀ ਮਨੁੱਖੀ ਸਰੀਰ ਦੀ ਆਧਾਰਭੂਤ ਜ਼ਰੂਰਤ ਹੈ ਉਸੇ ਤਰ੍ਹਾਂ ਮੁਹੱਬਤ ਵੀ ਮਨੁੱਖੀ ਮਨ ਦੀ ਪਹਿਲੀ ਜ਼ਰੂਰਤ ਹੈ। ਕੁਲਵੰਤ ਰਫ਼ੀਕ ਦੀ ਪੁਸਤਕ "ਬੜੀ ਤਕਲੀਫ਼ ਹੁੰਦੀ ਏ" ਵਿਚ ਵੀ ਮਨੁੱਖੀ ਮਨ ਦੀ ਇਸ ਖ਼ੁਰਾਕ ਦਾ ਦੀਦਾਰ ਕਈ ਥਾਵਾਂ 'ਤੇ ਦੇਖਣ ਨੂੰ ਮਿਲਦਾ ਹੈ ਬਸ ਫ਼ਰਕ ਇੰਨਾ ਹੀ ਹੈ ਕਿ ਉਸ ਦੀ ਮੁਹੱਬਤ ਨਿੱਜੀ ਨਾ ਹੋ ਕੇ ਲੋਕ ਹਿੱਤ ਵਿਚ ਖੜ੍ਹੀ ਮੁਹੱਬਤ ਹੈ ਜਿਵੇਂ:-

ਮੁਹੱਬਤ ਦਾ ਦੀਵਾ ਜਗਾ ਕੇ ਤਾਂ ਵੇਖੋ
ਇਹ ਨਫ਼ਰਤ ਦਾ 'ਨ੍ਹੇਰਾ ਮਿਟਾ ਕੇ ਤਾਂ ਵੇਖੋ
ਕਦੇ ਗ਼ੈਰ ਦੇ ਘਰ ਵੀ ਜਾ ਕੇ ਤਾਂ ਵੇਖੋ
ਤੇ ਜਾਮੇ ਮੁਹੱਬਤ ਪਿਲਾ ਕੇ ਤਾਂ ਵੇਖੋ[6]

-----0-----

ਹੋਈ ਜ਼ਿੰਦਗੀ ਇਹ ਤਰੱਨੁਮ ਤਰੱਨੁਮ
ਤੂੰ ਹੋਠਾਂ ਤੋਂ ਮੇਰੀ ਗਜ਼ਲ ਛੂਹ ਲਈ ਹੈ[7]

-----0-----

ਜਿਹੜੀ ਲਾ ਦਿੰਦੀ ਸੀ ਅੱਗ ਹੈ ਪਾਣੀਆਂ ਦੇ ਵਿਚ 'ਰਫ਼ੀਕ'
ਆਓ ਫਿਰ ਮਹਿਬੂਬ ਦੀ ਐਸੀ ਅਦਾ ਨੂੰ ਢੂੰਢੀਏ[8]

ਭਾਵੇਂ ਸ਼ਾਇਰ ਜਾਣਦਾ ਹੈ ਕਿ ਅਜੋਕੇ ਦੌਰ ਵਿਚ ਮੁਹੱਬਤ ਦੇ ਅਸਲ ਮਾਈਨੇ ਗ਼ਾਇਬ ਹੁੰਦੇ ਜਾ ਰਹੇ ਹਨ ਅਤੇ ਮੁਹੱਬਤ ਸ਼ਬਦ ਆਸ਼ਿਕੀ ਸ਼ਬਦ ਵਿਚ ਸਿਮਟ ਕੇ ਮਹਿਜ਼ ਜਿਸਮਾਨੀ ਸੰਬੰਧਾਂ ਤਕ ਸੀਮਿਤ ਹੁੰਦਾ ਜਾ ਰਿਹਾ ਹੈ। ਸ਼ਾਇਰ ਇਹ ਵਰਤਾਰਾ ਦੇਖ ਕੇ ਬੜਾ ਚਿੰਤਤ ਹੈ ਅਤੇ ਉਸ ਦੀ ਇਹ ਚਿੰਤਾ ਜਦੋਂ ਚਿੰਤਨ ਵਿਚ ਬਦਲਦੀ ਹੈ ਤਾਂ ਇਸ ਤਰ੍ਹਾਂ ਦੇ ਸੰਜੀਦਾ ਸ਼ਿਅਰ ਜਨਮ ਲੈਂਦੇ ਹਨ:-

ਅੱਜ ਕੱਲ੍ਹ ਦੀ ਆਸ਼ਕੀ 'ਚੋਂ ਪਾਕੀਜ਼ਗੀ ਹੈ ਮਨਫ਼ੀ
ਹੁਣ ਗੁੰਮ ਗਿਆ ਹੈ ਰਾਂਝਾ ਤੇ ਨਾਲੇ ਹੀਰ ਗੁੰਮ ਹੈ[9]

-----0-----

ਕੌਣ ਸੁਣਦੈ ਆਤਮਾ ਦੀ ਹੂਕ ਹੁਣ
ਜਿਸਮ ਦੀ ਦੀਵਾਨਗੀ ਹੈ ਹਰ ਤਰਫ਼ [10]

ਪਰ ਰਫ਼ੀਕ ਦੀ ਪ੍ਰਾਪਤੀ ਇਸ ਤੱਥ ਵਿਚ ਹੈ ਕਿ ਉਹ ਅੱਜ ਦੀ ਆਸ਼ਕੀ ਦੇ ਇਸ ਰੰਗ ਤੋਂ ਆਈ ਚਿੰਤਾ ਨੂੰ ਚਿੰਤਨ ਵਿਚ ਬਦਲਣ ਦੇ ਸਮਰੱਥ ਹੈ ਅਤੇ ਜਿੱਥੇ ਨਵੀਂ ਪੀੜ੍ਹੀ ਨੂੰ ਉਸ ਦੀ ਕਰੂਪ ਤਸਵੀਰ ਦਿਖਾਉਣ ਦੀ ਕੋਸ਼ਿਸ਼ ਕਰਦਾ ਹੈ ਉੱਥੇ ਹੀ ਉਹ ਇਸ਼ਕ ਮਿਜ਼ਾਜੀ ਤੋਂ ਇਸ਼ਕ ਹਕੀਕੀ ਵਲ ਨੂੰ ਸਫ਼ਰ ਕਰਦਾ ਹੋਇਆ ਇਸ ਤਰ੍ਹਾਂ ਦੇ ਸ਼ਿਅਰ ਵੀ ਪਰੋਸਦਾ ਹੈ :-

ਤੇਰਾ ਦੀਦਾਰ ਕੀ ਹੋ ਗਿਆ
ਮੈਂ ਸਾਂ ਕਤਰਾ ਨਦੀ ਹੋ ਗਿਆ[11]

-----0----

ਤੇਰੇ ਬਾਝੋਂ ਤਾਂ ਮੇਰੀ ਜ਼ਿੰਦਗੀ ਕੁਝ ਇਸ ਤਰ੍ਹਾਂ ਜਾਪੇ
ਜਿਵੇਂ ਸ਼ਬਦਾਂ ਨੂੰ ਅਰਥਾਂ ਦਾ ਅਜੇ ਤਕ ਘਰ ਨਹੀਂ ਦਿੱਸਿਆ[12]

ਰਫ਼ੀਕ ਦੀ ਸ਼ਾਇਰੀ ਦੀ ਇਕ ਹੋਰ ਪ੍ਰਾਪਤੀ ਇਹ ਵੀ ਹੈ ਕਿ ਭਾਵੇਂ ਉਹ ਇਸ਼ਕ ਬਾਰੇ ਗੱਲ ਕਰਦਿਆਂ ਮੁਹੱਬਤ ਨੂੰ ਮਨੁੱਖ ਦੇ ਦਿਲ ਦੀ ਜ਼ਰੂਰਤ ਵੀ ਦਸਦਾ ਹੈ ਪਰ ਨਾਲ ਨਾਲ ਇਸ ਗਲ ਦੀ ਹਾਮੀ ਵੀ ਭਰਦਾ ਹੈ ਕਿ ਮਨੁੱਖੀ ਸਰੀਰ ਵਿਚ ਦਿਲ ਤੋਂ ਥੋੜੀ ਥੱਲੇ ਢਿੱਡ ਵੀ ਹੁੰਦਾ ਹੈ ਅਤੇ ਜਿਸ ਤਰ੍ਹਾਂ ਢਿੱਡ ਆਕਾਰ ਵਿਚ ਦਿਲ ਤੋਂ ਵੱਡਾ ਹੈ ਉਸੇ ਤਰ੍ਹਾਂ ਉਸਦੀ ਜ਼ਰੂਰਤ ਵੀ ਦਿਲ ਦੀ ਜ਼ਰੂਰਤ ਤੋਂ ਵੱਡੀ ਹੁੰਦੀ ਹੈ। ਅਰਥਾਤ ਭਾਵੇਂ ਮਨੁੱਖ ਲਈ ਇਸ਼ਕ ਬਹੁਤ ਕੁਝ ਹੈ ਪਰ ਸਭ ਕੁਝ ਨਹੀਂ ਹੈ। ਸਗੋਂ ਇਸ਼ਕ ਤੋਂ ਪਹਿਲਾਂ ਢਿੱਡ ਦਾ ਮਸਲਾ ਹਲ ਕਰਨਾ ਜ਼ਿਆਦਾ ਜ਼ਰੂਰੀ ਹੈ। ਇਸ ਪੁਸਤਕ ਦੇ ਬਹੁਤ ਸਾਰੇ ਸ਼ਿਅਰ ਇਸ ਵਿਚਾਰਧਾਰਾ ਨੂੰ ਗਲਵਕੜੀ ਭਰਦੇ ਵੀ ਨਜ਼ਰ ਆਉਂਦੇ ਹਨ :-

ਜੇ ਸਮਾਂ ਦੇਊ ਇਜਾਜ਼ਤ, ਇਸ਼ਕ ਨੂੰ ਦੇਖਾਂਗੇ ਫਿਰ
ਪੇਟ ਭੁੱਖਾ ਹੈ ਜਦੋਂ ਤਕ, ਆਸ਼ਕੀ ਕਿਸ ਕੰਮ ਦੀ[13]

ਜਿਵੇਂ ਅਸੀਂ ਪਹਿਲਾਂ ਵੀ ਗੱਲ ਕੀਤੀ ਸੀ ਕਿ ਗ਼ਜ਼ਲ ਦਾ ਕਲਾਵਾ ਬਹੁਤ ਵਿਸ਼ਾਲ ਹੋ ਚੁੱਕਿਆ ਹੈ ਅਤੇ ਇਸ ਵਿਚ ਕੁਦਰਤ ਦਾ ਹਰ ਰੰਗ ਆਪਣੀ ਥਾਂ ਬਣਾ ਚੁੱਕਿਆ ਹੈ। ਭਾਵੇਂ ਹਿੰਦੀ ਅਤੇ ਉਰਦੂ ਗ਼ਜ਼ਲ ਦੀ ਪਹਿਲੀ ਪਛਾਣ ਅੱਜ ਵੀ ਇਸ਼ਕਨੁਮਾ ਸ਼ਾਇਰੀ ਮੰਨੀ ਜਾਂਦੀ ਹੈ ਪਰ ਪੰਜਾਬੀ ਗ਼ਜ਼ਲ ਦੀ ਨੁਹਾਰ ਸ਼ੁਰੂ ਤੋਂ ਹੀ ਇਸ ਤੋਂ ਕਾਫ਼ੀ ਵੱਖ ਰੰਗ ਦੀ ਰਹੀ ਹੈ। ਪੰਜਾਬੀ ਗ਼ਜ਼ਲ ਦੀ ਤਾਸੀਰ ਗੰਭੀਰ ਹੈ। ਇਸ ਲਈ ਉਸ ਵਿਚ ਮੁਹੱਬਤ ਤੋਂ ਵੀ ਜ਼ਿਆਦਾ ਤਰਜੀਹ ਹੋਰ ਵਿਸ਼ਿਆਂ ਨੂੰ ਦਿੱਤੀ ਗਈ ਹੈ। ਵਿਗਿਆਨ, ਕੰਪਿਊਟਰ ਅਤੇ ਮਸ਼ੀਨੀਕਰਨ ਦੇ ਇਸ ਯੁਗ ਵਿਚ ਮਨੁੱਖ ਭੌਤਿਕ ਤਰੱਕੀ ਤਾਂ ਕਰ ਗਿਆ ਹੈ ਪਰ ਇਸ ਭੱਜ ਦੌੜ ਵਿਚ ਰਿਸ਼ਤਾ ਨਾਤਾ ਪ੍ਰਣਾਲੀ ਬਿਖ਼ਰ ਕੇ ਰਹਿ ਗਈ ਹੈ। ਸ਼ਾਇਰ ਮਨ ਵਧੇਰੇ ਭਾਵੁਕ ਹੁੰਦਾ ਹੈ ਇਸ ਕਰ ਕੇ ਕੁਲਵੰਤ ਰਫ਼ੀਕ ਦੇ ਮਨ ’ਤੇ ਵੀ ਇਸ ਟੁੱਟ ਭੱਜ ਦਾ ਬਹੁਤ ਗਹਿਰਾ ਅਸਰ ਹੋਇਆ ਦਿਸਦਾ ਹੈ। ਇਸੇ ਲਈ ਇਸ ਪੁਸਤਕ ਵਿਚ ਸਭ ਤੋਂ ਜ਼ਿਆਦਾ ਸ਼ਿਅਰ ਰਿਸ਼ਤਾ ਨਾਤਾ ਪ੍ਰਣਾਲੀ ਜਾਂ ਤਿੜਕੇ ਰਿਸ਼ਤਿਆਂ ਦੀ ਟੁੱਟ ਭੱਜ ਦੀ ਤਸਵੀਰ ਨੂੰ ਪੇਸ਼ ਕਰਨ ਵਾਲੇ ਹਨ। ਇਸ ਪੁਸਤਕ ਵਿਚ ਵੱਖ ਵੱਖ ਰਿਸ਼ਤਿਆਂ ਨੂੰ ਵੱਖ ਵੱਖ ਦ੍ਰਿਸ਼ਟੀਕੋਣਾਂ ਤੋਂ ਦੇਖਿਆ, ਪਰਖ਼ਿਆ, ਸਮਝਿਆ ਅਤੇ ਸ਼ਿਅਰਾਂ ਵਿਚ ਬੰਨ੍ਹ ਕੇ ਪੇਸ਼ ਕੀਤਾ ਗਿਆ ਹੈ ਜਿਵੇਂ :-

ਔਰਤ ਤਾਂ ਅੱਜ ਤਲਕ ਵੀ, ਇਨਸਾਫ਼ ਵਲ ਹੀ ਤੱਕਦੀ
ਰਖੜੀ ਦੀ ਲਾਜ ਰੱਖੇ, ਪਿਆਰਾ ਉਹ ਵੀਰ ਗੁੰਮ ਹੈ
ਗੱਲਵਕੜੀ ਤਾਂ ਪਾਈ, ਪਰ ਨਿੱਘ ਨਹੀਂ ਹੈ ਉਸ ਵਿਚ
ਜੋ ਜਾਨ ਵਾਰਦਾ ਸੀ, ਕਿਧਰੇ ਉਹ ਵੀਰ ਗੁੰਮ ਹੈ[14]

-----0-----

ਰਿਸ਼ਤਿਆਂ ਦੇ ਵਿਚ ਗਿਰਾਵਟ ਆ ਗਈ
ਅੱਗ ਹਵਸ ਦੀ ਬਲ਼ ਰਹੀ ਹੈ ਹਰ ਤਰਫ਼[15]

-----0-----

ਜੋ ਅਪਣੇ ਮਾਪਿਆਂ ਦੀ ਬਦਅਸੀਸਾਂ ਰੋਜ਼ ਲੈਂਦਾ ਹੈ
ਉਹ ਬਾਹਰੋਂ ਜੀਅ ਰਿਹੈ ਪਰ ਅੰਦਰੋਂ ਤਾਂ ਮਰ ਗਿਆ ਹੋਣੈ[16]

ਸ਼ਾਇਰ ਰਫ਼ੀਕ ਦੀ ਸ਼ਾਇਰੀ ’ਤੇ ਰਿਸ਼ਤਾ ਨਾਤਾ ਪ੍ਰਣਾਲੀ ਦਾ ਅਸਰ ਇੰਨਾ ਡੂੰਘਾ ਦੇਖਣ ਨੂੰ ਮਿਲਦਾ ਹੈ ਕਿ ਉਸ ਦੀ ਗ਼ਜ਼ਲ ਦਾ ਇਕ-ਅੱਧਾ ਸ਼ਿਅਰ ਹੀ ਇਸ ਰੰਗ ਵਿਚ ਡੁੱਬਿਆ ਨਹੀਂ ਮਿਲਦਾ ਸਗੋਂ ਪੂਰੀ ਦੀ ਪੂਰੀ ਗ਼ਜ਼ਲ ਇਕ ਇਕ ਰਿਸ਼ਤੇ ਨੂੰ ਗਲਵਕੜੀ ਪਾ ਕੇ ਤੁਰਦੀ ਨਜ਼ਰ ਆਉਂਦੀ ਹੈ। ਫੇਰ ਭਾਵੇਂ ਉਹ ਮਾਂ ਦੀ ਮਮਤਾ ਹੋਵੇ ਜਾਂ ਪਿਓ ਦਾ ਪਿਆਰ, ਬੇਟੀ ਦਾ ਨਿੱਘ ਹੋਵੇ ਜਾਂ ਪਤਨੀ ਦਾ ਮੋਹ। ਉਹ ਇਨ੍ਹਾਂ ਪਾਕ ਰਿਸ਼ਤਿਆਂ ’ਤੇ ਬਸ ਇਕ ਅੱਧਾਸ਼ਿਅਰ ਹੀ ਨਹੀਂ ਲਿਖਦਾ ਸਗੋਂ ਪੂਰੀਦੀ ਪੂਰੀ ਗ਼ਜ਼ਲ ਹੀ ਇਕ ਇਕ ਰਿਸ਼ਤੇ ਨੂੰ ਸਮਰਪਿਤ ਕਰ ਦਿੰਦਾ ਹੈ। ਅਰੂਜ਼ ਦੀ ਭਾਸ਼ਾ ਵਿਚ ਇਸ ਨੂੰ “ਗ਼ਜ਼ਲੇ ਮੁਸਲਸਲ” ਕਿਹਾ ਜਾਂਦਾ ਹੈ। ਭਾਵੇਂ ਕੁਲਵੰਤ ਰਫ਼ੀਕ ਮੁੱਖ ਤੌਰ ਤੋਂ “ਗ਼ਜ਼ਲੇ ਗ਼ੈਰ ਮੁਸਲਸਲ” ਦਾ ਸ਼ਾਇਰ ਹੈ ਪਰ ਰਿਸ਼ਤਿਆਂ ਲਈ ਉਸਦੇ ਦਿਲ ਵਿਚ ਇੰਨੀ ਸ਼ਿੱਦਤ ਹੈ ਕਿ ਜਦੋਂ ਵੀ ਸ਼ਾਇਰੀ ਵਿਚ ਕਿਸੇ ਰਿਸ਼ਤੇ ਦੀ ਗੱਲ ਕਰਦਾ ਹੈ ਤਾਂ ਗ਼ਜ਼ਲੇ ਗ਼ੈਰ ਮੁਸਲਸਲ ਦਾ ਸ਼ਾਇਰ ਗ਼ਜ਼ਲੇ ਮੁਸਲਸਲ ਦੀ ਰਾਹ ਤੇ ਤੁਰ ਪੈਂਦਾ ਹੈ। ਜਿਵੇਂ ਮਾਂ, ਬਾਪੂ, ਧੀ ਅਤੇ ਬੀਵੀ ਬਾਰੇ ਕਹੀਆਂ ਉਸ ਦੀਆਂ ਇਹ ਗ਼ਜ਼ਲਾਂ ਇਸ ਗੱਲ ਦੀ ਹਾਮੀ ਭਰਦੀਆਂ ਹਨ। ਜਿਵੇਂ:-

ਹਰ ਇਕ ਜਿਸਮ ਦੀ ਜਾਂ ਹੁੰਦੀ ਹੈ
ਮਾਂ ਵਰਗੀ ਬਸ ਮਾਂ ਹੁੰਦੀ ਹੈ

ਸਾਰੇ ਰਿਸ਼ਤੇ ਆਪਣੀ ਥਾਂ ’ਤੇ
ਮਾਂ ਦੀ ਵੱਖਰੀ ਥਾਂ ਹੁੰਦੀ ਹੈ

ਦੁੱਖ ਵੇਲੇ ਜਦ ਸਭ ਮੂੰਹ ਫੇਰਨ
ਨਾਲ ਖੜ੍ਹੀ ਬਸ ਮਾਂ ਹੁੰਦੀ ਹੈ

ਜਦ ਸਿਰ ਮਾਂ ਦੇ ਚਰਨੀਂ ਹੋਵੇ
ਅਸਲ ਇਬਾਦਤ ਤਾਂ ਹੁੰਦੀ ਹੈ[17]

-----0-----

ਬਾਪੂ ਹੀ ਘਰ ਦਾ ਸਰਦਾਰ
ਬਾਪੂ ਘਰ ਦਾ ਪਹਿਰੇਦਾਰ

ਉਸ ਦੀ ਡਾਂਟ ਵਿਚੋਂ ਵੀ ਜਾਪੇ
ਸਾਰੇ ਜਗ ਤੋਂ ਨਿੱਘਾ ਪਿਆਰ

ਅਪਣਾ ਦਰਦ ਛੁਪਾ ਕੇ ਅੰਦਰ
ਝੂਠਾ ਹੈ ਉਹ ਹੱਸਦਾ ਯਾਰ

ਉਹ ਹੈ ਤਾਂ ਫਿਰ ਹਰ ਫ਼ਰਮਾਇਸ
ਬਣ ਜਾਂਦੀ ਖੰਭਾਂ ਦੀ ਡਾਰ

ਉਸ ਦੇ ਥੱਪੜ ਸਾਡੇ ਅੰਦਰੋਂ
ਸਾਰੇ ਔਗੁਣ ਦਿੰਦੇ ਮਾਰ[18]

© Association of Academic Researchers and Faculties (AARF)

-----0----

ਹਰ ਇਕ ਘਰ ਦੀ ਸ਼ਾਨ ਹੈ ਬੀਵੀ
ਖਾਵਿੰਦ ਦੀ ਜਿੰਦ ਜਾਨ ਹੈ ਬੀਵੀ

ਜਦ ਚੜ੍ਹਦਾ ਹੈ ਪਾਰਾ ਉਸ ਦਾ
ਲਗਦੀ ਫੇਰ ਤੂਫ਼ਾਨ ਹੈ ਬੀਵੀ

ਵੇਖ ਪਤੀ ਦੇ ਮੁੱਖ 'ਤੇ ਚਿੰਤਾ
ਹੋ ਜਾਂਦੀ ਬੇਜਾਨ ਹੈ ਬੀਵੀ

ਨਰਕੋਂ ਸੁਰਗ ਬਣਾਵੇ ਘਰ ਨੂੰ
ਜੇਕਰ ਮਿਹਰਬਾਨ ਹੈ ਬੀਵੀ [19]

ਕੁਲਵੰਤ ਰਫ਼ੀਕ ਦੀ ਗ਼ਜ਼ਲ ਨੂੰ ਖ਼ੰਗਾਲਦਿਆਂ ਇਕ ਹੋਰ ਕੇਂਦਰ ਬਿੰਦੂ ਸਾਡੇ ਸਾਹਮਣੇ ਆਉਂਦਾ ਹੈ ਉਹ ਹੈ ਮਸ਼ੀਨੀਕਰਨ ਦੇ ਯੁਗ ਵਿਚ ਮਨੁੱਖ ਦਾ ਦਿਨ-ਬ-ਦਿਨ ਮਸ਼ੀਨ ਹੋਈ ਜਾਣਾ ਅਤੇ ਉਸਦਾ ਇਖ਼ਲਾਕ, ਇਮਾਨ ਜਾਂ ਜ਼ਮੀਰ ਦਾ ਮਰਦੇ ਜਾਣਾ। ਅੱਜ ਮਨੁੱਖ ਹਰ ਖੇਤਰ ਵਿਚ ਸਿਰਫ਼ ਆਪਣਾ ਫ਼ਾਇਦਾ ਦੇਖਦਾ ਹੈ। ਉਸ ਨੂੰ ਆਦਰਸ਼ ਤੇ ਇਮਾਨ ਤੋਂ ਕੋਈ ਮਤਲਬ ਨਹੀਂ ਹੈ। ਇਮਾਨ ਤਾਂ ਅੱਜ ਕੱਲ੍ਹ ਪੁਰਾਣੇ ਫ਼ੈਸ਼ਨ ਦੇ ਉਸ ਗਹਿਣੇ ਵਾਂਗੂੰ ਹੋ ਗਿਆ ਜਾਪਦਾ ਹੈ ਜਿਸ ਨੂੰ ਕੋਈ ਵੀ ਪਸੰਦ ਨਹੀਂ ਕਰਦਾ। ਮਨੁੱਖੀ ਜੀਵਨ ਵਿਓਪਾਰ ਵਾਂਗੂੰ ਅਤੇ ਮਨੁੱਖ ਮਸ਼ੀਨ ਵਾਂਗੂੰ ਹੋ ਗਿਆ ਹੈ ਜਿਸ ਵਿਚ ਇਮਾਨ ਜਾਂ ਇਖ਼ਲਾਕ ਲਈ ਕੋਈ ਥਾਂ ਨਹੀਂ ਹੈ ਜਿਵੇਂ :-

ਗਲ ਇਖ਼ਲਾਕ ਦੀ ਅੱਜ ਕੱਲ੍ਹ ਜੇ ਤੂੰ ਬਹਿ ਕੇ ਕਰੇ 'ਰਫ਼ੀਕ' ਕਿਤੇ ਵੀ
ਜ਼ਿੱਲਤ ਦਾ ਮਿਲਦਾ ਏ ਜਾਮ, ਏਸੇ ਕਰ ਕੇ ਚੁੱਪ ਰਹਿੰਦਾ ਹਾਂ[20]

-----0----

ਮਰੀ ਹੈ ਆਤਮਾ ਮੇਰੀ, ਇਹੀ ਮਹਿਸੂਸ ਕਰਦਾ ਹਾਂ
ਮਗਰ ਦੁਨੀਆ ਨੂੰ ਤਾਂ ਜ਼ਿੰਦਾ ਹੀ ਨਜ਼ਰੀ ਆ ਰਿਹਾ ਹਾਂ ਮੈਂ[21]

-----0-----

ਤੂੰ 'ਤੇਰਾ ਤੇਰਾ' ਫ਼ਰਮਾਇਆ, ਮੈਂ 'ਮੇਰਾ ਮੇਰਾ' ਕਰਦਾ ਹਾਂ
ਮੁਕਾ ਦੇ ਹਵਸ ਦੌਲਤ ਦੀ ਤੇ ਸੱਚ-ਵਿਉਪਾਰ ਹੋ ਜਾਵੇ [22]

ਇਸ ਪੁਸਤਕ ਵਿਚ ਕਈ ਥਾਵਾਂ 'ਤੇ ਸ਼ਾਇਰ ਨੇ ਇਖ਼ਲਾਕ ਇਮਾਨ ਅਤੇ ਜ਼ਮੀਰ ਦੀ ਗੱਲ ਕਰਦਿਆਂ ਉਸ ਨੂੰ ਆਰਥਿਕ ਕਾਣੀ ਵੰਡ, ਸਮਾਜਿਕ ਵਰਤਾਰੇ, ਆਦਰਸ਼ਾਂ ਅਤੇ ਨੈਤਿਕ ਕਦਰਾਂ ਕੀਮਤਾਂ ਨਾਲ ਵੀ ਜੋੜਿਆ ਹੈ। ਜੋ ਉਸ ਦੀ ਸ਼ਾਇਰੀ ਨੂੰ ਹੋਰ ਸੰਜੀਦਾ ਅਤੇ ਭਾਵੁਕ ਛੋਹ ਪ੍ਰਦਾਨ ਕਰਦੇ ਹਨ। ਪੁਸਤਕ ਵਿਚ ਇਸ ਤਰ੍ਹਾਂ ਦੇ ਬਹੁਤ ਸਾਰੇ ਸ਼ਿਅਰ ਦੇਖਣ ਨੂੰ ਮਿਲਦੇ ਹਨ ਜੋ ਰਫ਼ੀਕ ਦੇ ਸੱਚੇ ਸੁੱਚੇ ਇਨਸਾਨ ਅਤੇ ਸ਼ਾਇਰ ਹੋਣ ਦਾ ਪ੍ਰਮਾਣ ਹਨ ਜਿਵੇਂ:-

ਗ਼ਰੀਬ ਅਪਣੇ ਜਿਸਮ ਦਾ ਹਰਿਕ ਅੰਗ ਵੇਚੇ ਕਿਸੇ ਨੂੰ ਕੀ
ਜੇ ਭੁੱਖ ਨਾਲ ਸਬਰ ਡੋਲੇ ਤਾਂ ਬੜੀ ਤਕਲੀਫ਼ ਹੁੰਦੀ ਏ
ਇਹ ਦੌਲਤ ਬਹੁਤ ਕੁਝ ਹੈ ਯਾਰ ਪਰ ਫਿਰ ਵੀ ਤਾਂ ਸਭ ਕੁਝ ਨਈਂ
ਜਦੋਂ ਈਮਾਨ ਡੋਲੇ ਤਾਂ ਬੜੀ ਤਕਲੀਫ਼ ਹੁੰਦੀ ਏ[23]

ਰਾਜਨੀਤੀ ਅਤੇ ਸਾਹਿਤ ਦਾ ਧੁਰ ਤੋਂ ਹੀ ਬੜਾ ਗੂੜ੍ਹਾ ਰਿਸ਼ਤਾ ਹੈ। ਭਾਵੇਂ ਦੋਹੇਂ ਇਕ ਦੂਜੇ ਤੋਂ ਵੱਖਰੀ ਤਾਸੀਰ ਦੇ ਧਾਰਨੀ ਹਨ। ਦੋਹੇਂ ਇਕ ਦੂਜੇ ਦੇ ਵਿਪਰੀਤ ਹੋਣ ਦੇ ਬਾਵਜੂਦ ਵੀ ਇਕ ਦੂਜੇ ਨਾਲ ਚਿਪਕੇ ਹੋਏ ਹਨ ਜਿਵੇਂ ਇਕ ਸਿੱਕੇ ਦੇ ਦੋ ਪਹਿਲੂ ਹੁੰਦੇ ਹਨ। ਇਕ ਵਧੀਆ ਸਾਹਿਤਕਾਰ ਦਾ ਫ਼ਰਜ਼ ਹੈ ਕਿ ਉਹ ਪਾਠਕ ਨੂੰ ਦੇਸ਼ ਦੀ ਰਾਜਨੀਤੀ ਤੋਂ ਵੀ ਜਾਣੂ ਕਰਾਉਂਦਾ ਰਵੇ। ਕੁਲਵੰਤ ਰਫ਼ੀਕ ਦੀ ਸ਼ਾਇਰੀ ਵਿਚ ਵੀ ਇਹ ਗੁਣ ਦੇਖਣ ਨੂੰ ਮਿਲਦਾ ਹੈ। ਉਹ ਰਾਜਨੀਤੀ ਅਤੇ ਰਾਜ ਨੇਤਾਵਾਂ ਨੂੰ ਨੰਗੀ ਅੱਖ ਨਾਲ ਦੇਖਦਾ ਹੈ ਅਤੇ ਆਪਣੀ ਕਲਮ ਨਾਲ ਉਨ੍ਹਾਂ ਦੀ ਅਸਲ ਤਸਵੀਰ ਬਣਾ ਕੇ ਪਾਠਕ ਸਾਹਮਣੇ ਪੇਸ਼ ਕਰਦਾ ਹੈ। ਇਸ ਪੁਸਤਕ ਵਿਚ ਬਹੁਤ ਸਾਰੇ ਸ਼ਿਅਰਾਂ ਵਿਚ ਅਜਿਹਾ ਰੰਗ ਦੇਖਣ ਨੂੰ ਮਿਲਦਾ ਹੈ ਜਿਵੇਂ:-

ਕਿ ਸੱਜਣ ਠਗ ਵਰਗੇ ਰਾਜਨੀਤੀ ਵਿਚ ਵਿਚਰਦੇ ਹਨ
ਕਿਤੇ ਜਨਤਾ ਦਾ ਜਾਮਾ ਫਿਰ ਨਾ ਤਾਰੋ ਤਾਰ ਹੋ ਜਾਵੇ[24]

-----0-----

ਰਾਜਨੀਤੀ ਤੇ ਸਰਾਫ਼ਤ ਮੇਲ ਕੀ
ਖੋਖਲੀ ਆਵਾਜ਼ ਜਿਹੀ ਹੈ ਜ਼ਿੰਦਗੀ [25]

-----0-----

ਹਰ ਇਕ ਨੇਤਾ ਸੱਚ ਹੈ ਬੋਲੇ, ਸੁਪਨਾ ਵੇਖਣ ਨੂੰ ਕੀ ਡਰ ਹੈ
ਝੂਠੇ ਦੀ ਹੈ ਪੋਲ ਉਹ ਖੋਲ੍ਹੇ, ਸੁਪਨਾ ਵੇਖਣ ਨੂੰ ਕੀ ਡਰ ਹੈ[26]

ਕੁਲਵੰਤ ਸਿੰਘ ਰਫ਼ੀਕ ਦੇ ਇਸ ਗ਼ਜ਼ਲ ਸੰਗ੍ਰਹਿ ਦੀ ਸਭ ਤੋਂ ਅਦੁੱਤੀ ਅਤੇ ਅਨੋਖੀ ਗੱਲ ਇਹ ਹੈ ਕਿ ਇਸ ਗ਼ਜ਼ਲ ਸੰਗ੍ਰਹਿ ਵਿਚ ਪਹਿਲੀ ਵਾਰ ਕਿਸੇ ਸ਼ਾਇਰ ਨੇ ਧਰਮ ਨੂੰ ਇੰਨੀ ਸ਼ਿੱਦਤ ਨਾਲ ਬਿਆਨ ਕੀਤਾ ਹੈ ਕਿ ਪੁਸਤਕ ਪੜ੍ਹਣ ਲੱਗਿਆਂ ਹੀ ਉਸ ਵਿਚੋਂ ਧਰਮ ਦੀ ਖੁਸ਼ਬੋ ਆ ਰਹੀ ਹੋਵੇ। ਕਿਉਂਕਿ ਸ਼ਾਇਰ ਕੁਲਵੰਤ ਸਿੰਘ ਰਫ਼ੀਕ ਖ਼ੁਦ ਵੀ ਇਕ ਧਾਰਮਿਕ ਸ਼ਖ਼ਸੀਅਤ ਦਾ ਮਾਲਿਕ ਹੈ ਅਤੇ ਉਸ ਦੇ ਨਾਲ ਹੀ ਇਕ ਸਾਹਿਤਿਕ ਕਵੀ ਦੇ ਨਾਲ ਨਾਲ ਇਕ ਪੰਥਕ ਕਵੀ ਦੇ ਰੂਪ ਵਿਚ ਵੀ ਜਾਣਿਆ ਜਾਂਦਾ ਹੈ। ਉਹ ਸਾਹਿਤਿਕ ਕਵੀ ਦਰਬਾਰਾਂ ਦੇ ਨਾਲ ਨਾਲ ਧਾਰਮਿਕ ਕਵੀ ਦਰਬਾਰਾਂ ਵਿਚ ਵੀ ਨਿਰੰਤਰ ਹਾਜ਼ਰੀ ਲਗਵਾਉਂਦਾ ਰਹਿੰਦਾ ਹੈ। ਜਿਸ ਕਰ ਕੇ ਉਸ ਦੀ ਸ਼ਖ਼ਸੀਅਤ ਅਤੇ ਗ਼ਜ਼ਲਾਂ ਵਿਚ ਧਾਰਮਿਕ ਰੰਗ ਦੇਖਿਆ ਜਾਣਾ ਸੁਭਾਵਿਕ ਹੀ ਹੈ। ਸਿੱਖ ਧਰਮ ਨਾਲ ਜੁੜਿਆ ਹੋਣ ਕਰ ਕੇ ਉਹ ਸਿੱਖੀ ਦੇ ਨਿਯਮਾਂ ਅਤੇ ਕਕਾਰਾਂ ਨੂੰ ਸਵੀਕਾਰਨ 'ਤੇਵੀ ਜੋਰ ਦਿੰਦਾ ਹੈ। ਉਸਦੇ ਬਹੁਤ ਸਾਰੇ ਸ਼ਿਅਰਾਂ ਵਿਚ ਬਾਰ ਬਾਰ ਅਜਿਹੇ ਭਾਵ ਦੇਖਣ ਨੂੰ ਮਿਲਦੇ ਹਨ। ਜਦੋਂ ਉਹ ਧਾਰਮਿਕ ਗ਼ਜ਼ਲ ਲਿਖਦਾ ਹੈ ਤਾਂ ਉਹ ਵੀ ਉਸ ਦੀ ਗਹਿਨ ਸ਼ਿੱਦਤ ਸਦਕਾ ਗ਼ਜ਼ਲੇ ਮੁਸਲਸਲ ਹੋ ਜਾਂਦੀ ਹੈ ਜਿਵੇਂ :-

ਕੇਸ ਸਾਡੀ ਜਾਨ ਤੇ ਦਸਤਾਰ ਸਾਡੀ ਸ਼ਾਨ ਹੈ
ਬਿਨ ਇਨ੍ਹਾਂ ਦੇ ਜ਼ਿੰਦਗੀ ਨਿਰਜਿੰਦ ਤੇ ਨਿਰਜਾਨ ਹੈ

ਕੇਸ ਸਾਡੇ ਪੁੱਤ ਨੇ ਤੇ ਦਸਤਾਰ ਸਾਡੀ ਮਾਂ ਹੈ ਜੇ
ਸ਼ਰਤੀਆਂ ਦਸ਼ਮੇਸ਼ ਫਿਰ ਸਾਡੇ ਤੇ ਮਿਹਰਬਾਨ ਹੈ

ਕਿੰਝ ਮੈਂ ਭੁੱਲਾਂ ਭਾਈ ਤਾਰੂ ਨੇ ਕਟਾਈ ਖੋਪੜੀ
ਤੇ ਕਿਹਾ ਸੀ ਕੇਸ ਸਾਡੇ ਗੁਰੂ ਦਾ ਵਰਦਾਨ ਹੈ

ਪੱਗ ਸਾਡੇ ਸਿਰ ਦੇ ਉੱਤੇ ਤਾਜ ਵਾਂਗੂੰ ਸ਼ੋਭਦੀ
ਇਸ ਦੇ ਦਮ ਤੇ ਹੀ ਤਾਂ ਸਾਡੀ ਜਗਤ ਵਿਚ ਪਹਿਚਾਨ ਹੈ

ਕੇਸ ਤੇ ਦਸਤਾਰ ਸਾਨੂੰ ਦਿਲ ਅਤੇ ਧੜਕਨ ਦੇ ਵਾਂਗ
ਬਿਨ ਇਨ੍ਹਾਂ ਦੇ ਜਿੰਦਗੀ ਲਗਦੀ ਜਿਵੇਂ ਸ਼ਮਸ਼ਾਨ ਹੈ[27]

© Association of Academic Researchers and Faculties (AARF)

ਉਸਦੀਆਂ ਧਾਰਮਿਕ ਗ਼ਜ਼ਲਾਂ ਪੜ੍ਹ ਕੇ ਲਗਦਾ ਹੈ ਕਿ ਉਹ ਪੂਰਨ ਰੂਪ ਵਿਚ ਸਿੱਖੀ ਨੂੰ ਸਮਰਪਿਤ ਹੈ ਅਤੇ ਸਿੱਖੀ ਉਸ ਦੇ ਰੋਮ ਰੋਮ ਵਿਚ ਵਸਦੀ ਹੈ। ਉਸ ਦੇ ਸ਼ਿਅਰ ਆਪ ਮੁਹਾਰੇ ਹੀ ਇਹ ਦਸਦੇ ਹਨ ਕਿ ਉਸ ਨੂੰ ਆਪਣੇ ਸਿੱਖ ਹੋਣ ਤੇ ਮਾਣ ਹੈ ਅਤੇ ਉਹ ਚੰਗੀ ਤਰ੍ਹਾਂ ਧਰਮ ਦੀ ਕੀਮਤ ਅਤੇ ਧਰਮ ਲਈ ਦਿੱਤੇ ਗਏ ਬਲੀਦਾਨਾਂ ਤੋਂ ਜਾਣੂ ਹੈ ਜਿਵੇਂ :-

ਲੱਖ ਅਮੀਰ ਹੋਵੇਂਗਾ ਤੂੰ ਪਰ ਜੇ ਪਾਹੁਲ ਨਈਂ ਪੀਤਾ
ਸਿੱਖ ਤੋਂ ਸਿੰਘ ਨਾ ਬਣ ਸਕਿਆ ਜੇ, ਫਿਰ ਤੂੰ ਹੈ ਕੰਗਾਲ[28]

ਕੁਲਵੰਤ ਸਿੰਘ ਰਫ਼ੀਕ ਦੇ ਧਾਰਮਿਕ ਕਿਰਦਾਰ ਦੀ ਸਭ ਤੋਂ ਪ੍ਰਸੰਸਾਯੋਗ ਗੱਲ ਇਹ ਹੈ ਕਿ ਉਹ ਆਪਣੀ ਸ਼ਾਇਰੀ ਵਿਚ ਧਰਮ ਦੇ ਰੰਗ ਨੂੰ ਪੇਸ਼ ਕਰਦਿਆਂ ਕਈ ਥਾਵਾਂ ’ਤੇ ਸ਼ਰੀਅਤ ਦੀ ਪਾਲਣਾ ਵੀ ਕਰਦਾ ਹੈ ਪਰ ਆਪਣੇ ਇਸ ਰੰਗ ਨੂੰ ਨਾ ਤਾਂ ਕਟੜਤਾ ਵਿਚ ਤਬਦੀਲ ਹੋਣ ਦਿੰਦਾ ਹੈ ਅਤੇ ਨਾ ਹੀ ਵਹਿਮਾਂ ਭਰਮਾਂ ਵਿਚ ਉਲਝਨ ਦਿੰਦਾ ਹੈ। ਉਹ ਧਰਮ ਦਾ ਦਿਖਾਵਾ ਕਰਨ ਨਾਲੋ ਉਸ ਨੂੰ ਸਹੀ ਅਰਥਾਂ ਵਿਚ ਰੂਹ ਵਿਚ ਉਤਾਰਨ ’ਤੇ ਜ਼ੋਰ ਦਿੰਦਾ ਹੈ ਅਤੇ ਆਪਣੇ ਖ਼ੁਦ ਦੇ ਅੰਦਰ ਝਾਤੀ ਮਾਰਨ ਦੀ ਵੀ ਸਲਾਹ ਦਿੰਦਾ ਹੈ। ਇਹ ਉਸ ਦੀ ਸ਼ਾਇਰੀ ਵਿਚ ਥਾਂ ਥਾਂ ਦੇਖਣ ਨੂੰ ਮਿਲਦਾ ਹੈ ਜਿਵੇਂ :-

ਮੈਨੂੰ ਕ੍ਰਿਪਾਨ ਛੋਟੀ ਜਿਹੀ ਵੀ ਪਾਉਣੀ ਬੋਝ ਲਗਦੀ, ਪਰ
ਤੇ ਬਾਬੇ ਦੀਪ ਦੇ ਖੰਡੇ ਦੀ ਉਸਤਤ ਗਾ ਰਿਹਾ ਹਾਂ ਮੈਂ [29]

-----0-----

ਪਾਪ ਕਰ ਭਾਵੇਂ ਗੁਫ਼ਾ ਵਿਚ ਛੁਪ ਤੂੰ
ਅੱਖ ਉਸ ਦੀ ਦੇਖਦੀ ਹੈ ਹਰ ਤਰਫ਼ [30]

-----0-----

ਜੋ ਜੱਪ ਕੇ ਨਾਮ ਕਰਦੇ ਕਿਰਤ ਤੇ ਫਿਰ ਵੰਡ ਕੇ ਛਕਦੇ ਹਨ
ਉਨ੍ਹਾਂ ਦੇ ਨਾਲ ਗੁਰ ਨਾਨਕ ਨੂੰ ਸੱਚ ਮੁੱਚ ਪਿਆਰ ਹੋ ਜਾਵੇ[31]

ਜੇ ਕੁਲਵੰਤ ਰਫ਼ੀਕ ਦੀ ਸ਼ਾਇਰੀ ਨੂੰ ਅਰੂਜ਼ ਦੇ ਨਿਯਮਾਂ ਤੋਂ ਪਰਖ਼ੀਏ ਤਾਂ ਇਹ ਗੱਲ ਭਲੀ ਭਾਂਤ ਨਿੱਤਰ ਕੇ ਸਾਹਮਣੇ ਆਉਂਦੀ ਹੈ ਕਿ ਉਸ ਦੀ ਗ਼ਜ਼ਲਾਂ ਵਿਚ ਪੂਰਨ ਰੂਪ ਵਿਚ ਪੁਖ਼ਤਗੀ ਹੈ। ਬੇਸ਼ਕ ਉਹ ਆਪਣੀ ਸ਼ਾਇਰੀ ਵਿਚ ਅਰੂਜ਼ ਦੇ ਨਿਯਮਾਂ ਦੀ ਪਾਲਣਾ ਤਾਂ ਕਰਦਾ ਹੈ ਪਰ ਉਹ ਆਪਣੀ ਧਾਰਮਿਕ ਗ਼ਜ਼ਲਾਂ ਵਾਂਗੂੰ ਏਥੇ ਵੀ ਕਟੜਤਾ ਨੂੰ ਨਹੀਂ ਸਵਿਕਾਰਦਾ। ਉਸ ਦਾ ਮੰਨਣਾ ਹੈ ਕਿ ਅਰੂਜ਼ ਗ਼ਜ਼ਲ ਨੂੰ ਰਵਾਨਗੀ ਦੇਣ ਲਈ ਬਣਿਆ ਹੈ ਇਸ ਲਈ ਉਸ ਦੀ ਪਾਲਣਾ ਕਰਨਾ ਸਹੀ ਹੈ ਪਰ ਅਰੂਜ਼ ਦੇ ਚੱਕਰ ਵਿਚ ਅਰੂਜ਼ੀ ਸਿੱਲ ਦੀ ਰਗੜ ਨਾਲ ਖ਼ਿਆਲ ਦੀ ਐਨਕ ਦੇ ਸ਼ੀਸ਼ੇ ਨੂੰ ਧੁੰਧਲਾ ਕਰ ਲੈਣਾ ਵੀ ਸਿਆਣਪ ਨਹੀਂ ਹੈ। ਉਸ ਦਾ ਮੰਨਣਾ ਹੈ ਕਿ ਸਭ ਤੋਂ ਪਹਿਲਾਂ ਖ਼ਿਆਲ ਦਾ ਪੁਖ਼ਤਾ ਹੋਣਾ ਜ਼ਰੂਰੀ ਹੈ ਬਾਕੀ ਨਿਯਮ ਬਾਅਦ ਦੀਆਂ ਗੱਲਾਂ ਹਨ ਜਿਵੇਂ :-

ਜੇ ਖ਼ਿਆਲਾਂ ਵਿਚ ਤੇਰੇ ਪਰਵਾਜ਼ ਹੀ ਨਈਂ ਹੈ ‘ਰਫ਼ੀਕ’
ਤਾਂ ਤੇਰੀ ਗਜ਼ਲਾਂ ’ਚ ਕੇਵਲ ਪੁਖ਼ਤਗੀ ਕਿਸ ਕੰਮ ਦੀ[32]

ਅੰਤ ਵਿਚ ਮੈਂ ਇਸ ਨੁਕਤੇ ਤੋਂ ਆਪਣੀ ਗੱਲ ਮੁਕੰਮਲ ਕਰਾਂਗਾ ਕਿ ਭਾਵੇਂ ਕਹਿਣ ਨੂੰ ਹਰਿਆਣੇ ਦੇ ਪੰਜਾਬੀ ਸਾਹਿਤ ਜਗਤ ਵਿਚ ਕਵੀਆਂ ਦੀ ਕਮੀ ਨਹੀਂ ਹੈ। ਪੰਜਾਬੀ ਪੜ੍ਹਣ ਲਿਖਣ ਵਾਲੇ ਜ਼ਿਆਦਾਤਰ ਵਿਦਿਆਰਥੀ, ਖੋਜਾਰਥੀ, ਅਧਿਆਪਕ ਅਤੇ ਪ੍ਰੋਫ਼ੈਸਰ ਆਦਿ ਆਪਣੇ ਆਪ ਨੂੰ ਕਵੀ ਬਣਾ ਕੇ ਪੇਸ਼ ਕਰਨ ਦੀ ਦੌੜ ਵਿਚ ਲੱਗੇ ਹੋਏ ਹਨ। ਪਰ ਮੈਂ ਇੰਨਾ ਜ਼ਰੂਰ ਕਹਾਂਗਾਸ਼ਾਇਰੀ ਦਾ ਰਾਹ ਇੰਨਾ ਸੁਖਾਲ਼ਾ ਨਹੀਂ ਹੈ ਬਲਕਿ ਸ਼ਾਇਰੀ ਤਾਂ ਪੂਰਨ ਸਮਰਪਣ ਦੀ ਮੰਗ ਕਰਦੀ ਹੈ। ਸਹੀ ਅਰਥਾਂ ਵਿਚ ਤਾਂ ਸ਼ਾਇਰੀ ਇਕ ਤਪੱਸਿਆ ਹੈ ਅਤੇ ਇਸ ਤਪੱਸਿਆ ਲਈ ਕਈ ਵਾਰ ਪੂਰੇ ਦਾ ਪੂਰਾ ਜੀਵਨ ਵੀ ਘੱਟ ਪੈ ਜਾਂਦਾ ਹੈ। ਕੁਲਵੰਤ ਰਫ਼ੀਕ ਵੀ ਅਜਿਹਾ ਹੀ ਸ਼ਾਇਰ ਹੈ ਜਿਸ ਨੇ ਆਪਣਾ ਸਾਰਾ ਜੀਵਨ ਸ਼ਾਇਰੀ ਨੂੰ ਸਮਰਪਿਤ ਕਰ ਦਿੱਤਾ ਹੈ । ਏਥੇ ਤਕ ਹੀ ਨਹੀਂ ਬਲਕਿ ਉਸਦੇ ਗ਼ਜ਼ਲ ਸੰਗ੍ਰਹਿ ਅਨੁਸਾਰ ਤਾਂ ਉਸ ਦੇ ਜੀਵਨ ਦੀ ਆਖ਼ਰੀ ਇੱਛਾ ਵੀ ਸ਼ਾਇਰੀ ਨਾਲ ਜੁੜੀ ਹੋਈ ਹੈ। ਉਸ ਦੇ ਇਸ ਗੱਲ ਨੂੰ ਪ੍ਰਮਾਣਿਤ ਕਰਦੇ ਇਕ ਅਜਿਹੇ ਹੀ ਸ਼ਿਅਰ ਨਾਲ ਮੈਂ ਆਪਣੇ ਇਸ ਖੋਜ ਪੱਤਰ ਨੂੰ ਦਾ ਸਮਾਪਨ ਕਰਦਾ ਹਾਂ:-

ਜੇ ਮੇਰੇ ਗੀਤਾਂ ਨੂੰ ਮੇਰੇ ਬਾਅਦ ਗਾਇਆ ਨਾ ਗਿਆ
ਜ਼ਿੰਦਗੀ ਤਾਂ ਸੀ ਨਿਕੰਮੀ, ਮੌਤ ਵੀ ਕਿਸ ਕੰਮ ਦੀ[33]

## ਹਵਾਲੇ ਅਤੇ ਟਿੱਪਣੀਆਂ


1. ਕੁਲਵੰਤ ਸਿੰਘ ਰਫ਼ੀਕ, ਬੜੀ ਤਕਲੀਫ਼ ਹੁੰਦੀ ਏ, ਪੰਨਾ ਨੰ. – 25
2. ਉਹੀ, ,,,, ਪੰਨਾ ਨੰ.- 62
3. ਉਹੀ, ,,,, ਪੰਨਾ ਨੰ.- 28
4. ਉਹੀ, ,,,, ਪੰਨਾ ਨੰ.- 25
5. ਉਹੀ, ,,,, ਪੰਨਾ ਨੰ.- 36
6. ਉਹੀ, ,,,, ਪੰਨਾ ਨੰ.- 64
7. ਉਹੀ, ,,,, ਪੰਨਾ ਨੰ.- 62
8. ਉਹੀ, ,,,, ਪੰਨਾ ਨੰ.- 66
9. ਉਹੀ, ,,,, ਪੰਨਾ ਨੰ.- 28
10. ਉਹੀ, ,,,, ਪੰਨਾ ਨੰ.- 31
11. ਉਹੀ, ,,,, ਪੰਨਾ ਨੰ.- 30
12. ਉਹੀ, ,,,, ਪੰਨਾ ਨੰ.- 69
13. ਉਹੀ, ,,,, ਪੰਨਾ ਨੰ.- 57
14. ਉਹੀ, ,,,, ਪੰਨਾ ਨੰ.- 28
15. ਉਹੀ, ,,,, ਪੰਨਾ ਨੰ.- 31
16. ਉਹੀ, ,,,, ਪੰਨਾ ਨੰ.- 27
17. ਉਹੀ, ,,,, ਪੰਨਾ ਨੰ.- 42
18. ਉਹੀ, ,,,, ਪੰਨਾ ਨੰ.- 34
19. ਉਹੀ, ,,,, ਪੰਨਾ ਨੰ.- 59
20. ਉਹੀ, ,,,, ਪੰਨਾ ਨੰ.- 61
21. ਉਹੀ, ,,,, ਪੰਨਾ ਨੰ.- 65
22. ਉਹੀ, ,,,, ਪੰਨਾ ਨੰ.- 36
23. ਉਹੀ, ,,,, ਪੰਨਾ ਨੰ.- 25
24. ਉਹੀ, ,,,, ਪੰਨਾ ਨੰ.- 36
25. ਉਹੀ, ,,,, ਪੰਨਾ ਨੰ.- 41
26. ਉਹੀ, ,,,, ਪੰਨਾ ਨੰ.- 49
27. ਉਹੀ, ,,,, ਪੰਨਾ ਨੰ.- 33
28. ਉਹੀ, ,,,, ਪੰਨਾ ਨੰ.- 39
29. ਉਹੀ, ,,,, ਪੰਨਾ ਨੰ.- 65
30. ਉਹੀ, ,,,, ਪੰਨਾ ਨੰ.- 31
31. ਉਹੀ, ,,,, ਪੰਨਾ ਨੰ.- 36
32. ਉਹੀ, ,,,, ਪੰਨਾ ਨੰ.- 57
33. ਉਹੀ, ,,,, ਪੰਨਾ ਨੰ.- 57